Halton REGION

# ਕੋਵਿਡ-19 ਵੈਕਸੀਨਾਂ: ਮਿੱਥ ਬਨਾਮ ਤੱਥ

| ਮਿੱਥ | | ਤੱਥ |
|---|---|---|
| ਕੋਵਿਡ-19 ਵੈਕਸੀਨਾਂ ਸੁਰੱਖਿਅਤ ਨਹੀਂ ਹਨ ਕਿਉਂਕਿ ਇਹ ਬਹੁਤ ਜਲਦੀ ਵਿਕਸਤ ਕੀਤੀਆਂ ਗਈਆਂ ਸਨ ਅਤੇ ਕਾਫ਼ੀ ਟੈਸਟ ਨਹੀਂ ਕੀਤੇ ਗਏ ਸਨ। |  | ਵੈਕਸੀਨਾਂ ਨੂੰ ਜਲਦੀ ਪ੍ਰਵਾਨਗੀ ਦੇ ਦਿੱਤੀ ਗਈ ਕਿਉਂਕਿ ਹੈਲਥ ਕੈਨੇਡਾ ਨੇ ਇਸ ਨੂੰ ਪ੍ਰਾਥਮਿਕਤਾ ਦਿੱਤੀ। ਕੋਵਿਡ-19 ਵੈਕਸੀਨ ਲਈ ਕਲੀਨਿਕਲ ਟਰਾਇਲ ਉਨੇ ਹੀ ਸਖਤ ਸਨ ਜਿੰਨੇ ਉਹ ਕਿਸੇ ਹੋਰ ਵੈਕਸੀਨ ਲਈ ਹਨ। ਸਰਕਾਰੀ ਏਜੰਸੀਆਂ ਵੈਕਸੀਨ ਸੁਰੱਖਿਆ ਦੀ ਲਗਾਤਾਰ ਨਿਗਰਾਨੀ ਅਤੇ ਸਮੀਖਿਆ ਕਰਦੀਆਂ ਹਨ। ਵੈਕਸੀਨਾਂ ਨੂੰ ਕਿਵੇਂ ਪ੍ਰਵਾਨਗੀ ਦਿੱਤੀ ਜਾਂਦੀ ਹੈ ਬਾਰੇ ਵਧੇਰੇ ਜਾਣਨ ਲਈ ਹੈਲਥ ਕੈਨੇਡਾ ਦੀ ਵੈਬਸਾਈਟ ਦੇਖੋ। |
| ਕੋਵਿਡ-19 ਵੈਕਸੀਨਾਂ ਚਿੰਤਾ ਵਾਲੇ ਵੇਰੀਐਂਟਾਂ ਦੇ ਵਿਰੁੱਧ ਕੰਮ ਨਹੀਂ ਕਰਦੀਆਂ। |  | ਕੋਵਿਡ-19 ਵੈਕਸੀਨਾਂ ਚਿੰਤਾ ਵਾਲੇ ਜ਼ਿਆਦਾਤਰ ਵੇਰੀਐਂਟਾਂ ਦੇ ਵਿਰੁੱਧ ਸੁਰੱਖਿਆ ਪ੍ਰਦਾਨ ਕਰਦੀਆਂ ਹਨ। ਹਾਲਾਂਕਿ ਕੁਝ ਪੂਰੀ ਤਰ੍ਹਾਂ ਵੈਕਸੀਨੇਟਿਡ ਲੋਕ ਅਜੇ ਵੀ ਵਾਇਰਸ ਤੋਂ ਬਿਮਾਰ ਹੋ ਸਕਦੇ ਹਨ, ਵੈਕਸੀਨਾਂ ਕੋਵਿਡ-19 ਵੇਰੀਐਂਟਾਂ ਦੇ ਕਾਰਨ ਹੋਈ ਗੰਭੀਰ ਬਿਮਾਰੀ ਤੋਂ ਚੰਗੀ ਸੁਰੱਖਿਆ ਪ੍ਰਦਾਨ ਕਰਦੇ ਹਨ। |
| ਮੈਨੂੰ ਵੈਕਸੀਨ ਦੀ ਜ਼ਰੂਰਤ ਨਹੀਂ ਹੈ ਕਿਉਂਕਿ ਮੈਨੂੰ ਪਹਿਲਾਂ ਹੀ ਕੋਵਿਡ-19 ਹੋ ਚੁਕਾ ਹੈ। |  | ਭਾਵੇਂ ਤੁਹਾਨੂੰ ਕੋਵਿਡ-19 ਹੋ ਚੁੱਕਿਆ ਹੈ, ਇਹ ਜ਼ਰੂਰੀ ਹੈ ਕਿ ਤੁਸੀਂ ਵੈਕਸੀਨ ਲਗਵਾਓ। ਕੋਵਿਡ-19 ਤੋਂ ਦੁਬਾਰਾ ਲਾਗ ਸੰਭਵ ਹੈ।<br>ਇਸ ਸਮੇਂ, ਮਾਹਰ ਇਹ ਨਹੀਂ ਜਾਣਦੇ ਕਿ ਕੋਈ ਵਿਅਕਤੀ ਕੋਵਿਡ-19 ਤੋਂ ਕਿੰਨਾ ਚਿਰ ਫਿਰ ਬਿਮਾਰ ਹੋਣ ਤੋਂ ਸੁਰੱਖਿਅਤ ਰਹਿੰਦਾ ਹੈ। ਇਨਫੈਕਸ਼ਨ ਹੋਣ ਤੋਂ ਬਾਅਦ ਜੋ ਸੁਰੱਖਿਆ ਤੁਸੀਂ ਪ੍ਰਾਪਤ ਕਰਦੇ ਹੋ, ਜਿਸ ਨੂੰ ਕੁਦਰਤੀ ਸੁਰੱਖਿਆ (natural immunity) ਕਹਿੰਦੇ ਹਨ, ਹਰ ਵਿਅਕਤੀ ਵਿੱਚ ਵੱਖਰੀ ਹੁੰਦੀ ਹੈ। |
| ਕੋਵਿਡ-19 ਵੈਕਸੀਨ ਦੇ ਗੰਭੀਰ ਗੌਣ ਪ੍ਰਭਾਵ ਹਨ। |  | ਕੋਵਿਡ-19 ਵੈਕਸੀਨ ਲਗਵਾਉਣ ਤੋਂ ਬਾਅਦ ਹਲਕੇ ਲੱਛਣ ਆਮ ਹੁੰਦੇ ਹਨ, ਜਿਵੇਂ ਕਿ ਟੀਕੇ ਵਾਲੀ ਜਗ੍ਹਾ 'ਤੇ ਦਰਦ, ਮਾਸਪੇਸ਼ੀਆਂ ਦੇ ਦਰਦ ਜਾਂ ਸਿਰ ਦਰਦ। ਇਹ ਆਮ ਸੰਕੇਤ ਹਨ ਕਿ ਤੁਹਾਡਾ ਸਰੀਰ ਸੁਰੱਖਿਆ ਬਣਾ ਰਿਹਾ ਹੈ। ਗੰਭੀਰ ਗੌਣ ਪ੍ਰਭਾਵ ਬਹੁਤ ਘੱਟ ਹੁੰਦੇ ਹਨ।<br>ਵੈਕਸੀਨ ਦੇ ਗੌਣ ਪ੍ਰਭਾਵਾਂ ਬਾਰੇ ਵਧੇਰੇ ਜਾਣਕਾਰੀ ਲਈ ਹੈਲਥ ਕੈਨੇਡਾ ਦੇ ਵੈਬ ਪੇਜਾਂ ਤੇ ਜਾਓ। |
| ਕੋਵਿਡ-19 ਵੈਕਸੀਨ ਲਗਵਾਉਣ ਤੋਂ ਬਾਅਦ ਮੈਨੂੰ ਮਾਸਕ ਪਹਿਨਣ ਦੀ ਜਾਂ ਦੂਜਿਆਂ ਤੋਂ ਸਰੀਰਕ ਦੂਰੀ ਰੱਖਣ ਦੀ ਲੋੜ ਨਹੀਂ ਹੋਵੇਗੀ। |  | ਵੈਕਸੀਨ ਲਗਵਾਉਣ ਤੋਂ ਬਾਅਦ ਵੀ:<br>• ਵਾਇਰਸ ਫੈਲਾਉਣਾ ਅਜੇ ਵੀ ਸੰਭਵ ਹੈ<br>• ਤੁਹਾਡੇ ਸਰੀਰ ਨੂੰ ਇਮਿਊਨਿਟੀ ਬਣਾਉਣ ਵਿਚ ਸਮਾਂ ਲੱਗਦਾ ਹੈ<br>ਜਨਤਕ ਸਿਹਤ ਦੇ ਉਪਾਵਾਂ ਦਾ ਪਾਲਣ ਕਰਨਾ ਜਾਰੀ ਰੱਖਣਾ ਤੁਹਾਡੀ ਆਪਣੀ ਅਤੇ ਸਾਡੀ ਕਮਿਊਨਿਟੀ ਦੇ ਹੋਰਨਾਂ ਲੋਕਾਂ ਦੀ ਰੱਖਿਆ ਕਰਨ ਵਿੱਚ ਸਹਾਇਤਾ ਕਰੇਗਾ ਜਿਨ੍ਹਾਂ ਨੂੰ ਵੈਕਸੀਨ ਨਹੀਂ ਲੱਗੀ ਹੋਈ। |
| ਕੋਵਿਡ-19 ਵੈਕਸੀਨ ਮੇਰੇ DNA ਨੂੰ ਬਦਲ ਦੇਵੇਗੀ। |  | ਤੁਹਾਡੇ ਸਰੀਰ ਵਿੱਚ ਵਾਇਰਲ ਵੈਕਟਰ ਵੈਕਸੀਨ ਤੋਂ mRNA ਜਾਂ ਜੈਨੇਟਿਕ ਪਦਾਰਥ ਇੰਜੈਕਟ ਕਰਨ ਨਾਲ ਤੁਹਾਡਾ DNA ਨਹੀਂ ਬਦਲੇਗਾ।<br>ਦੋਵੇਂ ਕਿਸਮਾਂ ਦੀਆਂ ਵੈਕਸੀਨਾਂ ਕੋਵਿਡ-19 ਦੇ ਪ੍ਰਤੀ ਪ੍ਰਤੀਰੋਧਕ ਸਮਰੱਥਾ ਨੂੰ ਸੁਰੱਖਿਅਤ ਢੰਗ ਨਾਲ ਪੈਦਾ ਕਰਨ ਲਈ ਸਰੀਰ ਦੇ ਕੁਦਰਤੀ ਸੁਰੱਖਿਆਵਾਂ ਨਾਲ ਕੰਮ ਕਰਦੀਆਂ ਹਨ। |
| ਮੈਨੂੰ ਅੰਡਿਆਂ ਤੋਂ ਐਲਰਜੀ ਹੈ ਇਸ ਲਈ ਮੈਨੂੰ ਕੋਵਿਡ-19 ਵੈਕਸੀਨ ਨਹੀਂ ਲਗਵਾਉਣੀ ਚਾਹੀਦੀ। |  | ਕੈਨੇਡਾ ਵਿਚ ਵਰਤਣ ਲਈ ਮਨਜ਼ੂਰਸ਼ੁਦਾ ਕੋਵਿਡ-19 ਵੈਕਸੀਨਾਂ ਵਿਚੋਂ ਕਿਸੇ ਵਿੱਚ ਵੀ ਅੰਡਾ ਨਹੀਂ ਹੈ। ਕਿਸੇ ਵੀ ਵੈਕਸੀਨ ਦੇ ਵਿਕਾਸ ਜਾਂ ਉਤਪਾਦਨ ਵਿਚ ਅੰਡਿਆਂ ਦੀ ਵਰਤੋਂ ਨਹੀਂ ਕੀਤੀ ਗਈ।<br>ਜੇ ਤੁਹਾਨੂੰ ਗੰਭੀਰ ਐਲਰਜੀ ਹੈ, ਤਾਂ ਵੈਕਸੀਨ ਲਗਵਾਉਣ ਤੋਂ ਪਹਿਲਾਂ ਆਪਣੇ ਫੈਮਲੀ ਡਾਕਟਰ ਨਾਲ ਸਲਾਹ ਕਰੋ। |

| ਮਿੱਥ | | ਤੱਥ |
|---|---|---|
| ਕੋਵਿਡ-19 ਵੈਕਸੀਨਾਂ ਵਿਚ ਸੂਰ ਦੇ ਉਤਪਾਦ ਹੁੰਦੇ ਹਨ। |  | ਕੈਨੇਡਾ ਵਿਚ ਵਰਤਣ ਲਈ ਮਨਜ਼ੂਰਸ਼ੁਦਾ ਸਾਰੀਆਂ ਕੋਵਿਡ-19 ਵੈਕਸੀਨਾਂ ਵਿਚ ਜਾਨਵਰਾਂ ਦੇ ਉਤਪਾਦ (ਸੂਰ ਸਮੇਤ) ਨਹੀਂ ਹੁੰਦੇ। |
| ਗਰਭਵਤੀ ਅਤੇ ਛਾਤੀ ਦਾ ਦੁੱਧ ਪਿਲਾਉਣ ਵਾਲੇ ਲੋਕਾਂ ਨੂੰ ਕੋਵਿਡ-19 ਵੈਕਸੀਨ ਨਹੀਂ ਲਗਵਾਉਣੀ ਚਾਹੀਦੀ। |  | ਗਰਭਵਤੀ ਵਿਅਕਤੀਆਂ ਨੂੰ ਕੋਵਿਡ-19 ਤੋਂ ਗੰਭੀਰ ਬਿਮਾਰੀ ਅਤੇ ਮੌਤ ਦਾ ਵੱਧ ਜੋਖਮ ਹੁੰਦਾ ਹੈ।<br>ਕੈਨੇਡਾ ਦੇ ਸਿਹਤ ਮਾਹਰ ਸਹਿਮਤ ਹਨ ਕਿ ਕੋਵਿਡ-19 ਵੈਕਸੀਨਾਂ ਸੁਰੱਖਿਅਤ ਹਨ ਅਤੇ ਗਰਭਵਤੀ ਅਤੇ ਛਾਤੀ ਦਾ ਦੁੱਧ ਪਿਲਾਉਣ ਵਾਲੇ ਲੋਕਾਂ ਨੂੰ ਗੰਭੀਰ ਬਿਮਾਰੀ ਤੋਂ ਬਚਾਉਂਦੀਆਂ ਹਨ। ਕੋਵਿਡ-19 ਵੈਕਸੀਨ ਕਿਸੇ ਵੀ ਸਮੇਂ ਗਰਭ ਅਵਸਥਾ ਦੌਰਾਨ ਜਾਂ ਛਾਤੀ ਦਾ ਦੁੱਧ ਪਿਲਾਉਣ ਵੇਲੇ ਦਿੱਤੀ ਜਾ ਸਕਦੀ ਹੈ।<br>ਜੇ ਤੁਹਾਡੇ ਕੋਵਿਡ-19 ਵੈਕਸੀਨ ਬਾਰੇ ਕੋਈ ਪ੍ਰਸ਼ਨ ਹਨ, ਤਾਂ ਆਪਣੇ ਸਿਹਤ ਦੇਖਭਾਲ ਪ੍ਰਦਾਤਾ ਨਾਲ ਗੱਲ ਕਰੋ। |
| ਕੋਵਿਡ-19 ਵੈਕਸੀਨਾਂ ਬਾਂਝਪਨ ਜਾਂ ਗਰਭਪਾਤ ਦਾ ਕਾਰਨ ਬਣਦੀਆਂ ਹਨ। |  | ਕੋਈ ਵੀ ਕੋਵਿਡ-19 ਵੈਕਸੀਨਾਂ ਬਾਂਝਪਨ ਜਾਂ ਗਰਭਪਾਤ ਨਾਲ ਨਹੀਂ ਜੁੜੀਆਂ ਹਨ। |
| ਤੁਸੀਂ ਸਿਰਫ ਤਾਂ ਹੀ ਵੈਕਸੀਨ ਲਗਵਾ ਸਕਦੇ ਹੋ ਜੇ ਤੁਹਾਡੇ ਕੋਲ ਓਨਟੈਰੀਓ ਹੈਲਥ ਕਾਰਡ (OHIP) ਹੈ। |  | ਕੋਵਿਡ-19 ਵੈਕਸੀਨ ਕੈਨੇਡਾ ਵਿੱਚ ਹਰੇਕ ਲਈ ਮੁਫਤ ਹੈ। ਜੇ ਤੁਹਾਡੇ ਕੋਲ ਓਨਟੈਰੀਓ ਹੈਲਥ ਕਾਰਡ ਨਹੀਂ ਹੈ, ਤਾਂ ਵੀ ਤੁਸੀਂ ਵੈਕਸੀਨ ਲਗਵਾ ਸਕਦੇ ਹੋ। ਤੁਹਾਨੂੰ ਸਿਰਫ ਸਰਕਾਰ ਦੁਆਰਾ ਜਾਰੀ ਕੀਤੀ ਗਈ ਆਈਡੀ ਦਾ ਪੀਸ ਪ੍ਰਦਾਨ ਕਰਨ ਦੀ ਜ਼ਰੂਰਤ ਹੈ ਜਿਵੇਂ ਕਿ ਡਰਾਈਵਰ ਲਾਇਸੈਂਸ ਜਾਂ ਪਾਸਪੋਰਟ। |
| ਮੈਨੂੰ ਕੋਵਿਡ-19 ਵੈਕਸੀਨ ਨਹੀਂ ਲੱਗ ਸਕਦੀ ਕਿਉਂਕਿ ਮੈਂ ਅੰਗ੍ਰੇਜ਼ੀ ਨਹੀਂ ਬੋਲਦਾ/ਦੀ ਜਾਂ ਸਮਝ ਨਹੀਂ ਸਕਦਾ/ਦੀ। |  | ਅੰਗਰੇਜ਼ੀ ਭਾਸ਼ਾ ਸਿੱਖਣ ਵਾਲੇ ਜਾਂ ਉਹਨਾਂ ਲੋਕਾਂ ਲਈ ਜੋ ਆਪਣੀ ਘਰ ਦੀ ਭਾਸ਼ਾ ਵਿੱਚ ਕਿਸੇ ਨਾਲ ਗੱਲ ਕਰਨ ਵਿੱਚ ਵਧੇਰੇ ਆਰਾਮਦੇਹ ਮਹਿਸੂਸ ਕਰਨ ਵਾਲੇ ਲੋਕ ਲਈ ਕੋਵਿਡ-19 ਕਲੀਨਿਕਾਂ ਵਿੱਚ ਭਾਸ਼ਾ ਅਨੁਵਾਦ ਸੇਵਾਵਾਂ ਉਪਲਬਧ ਹਨ। |
| ਮੈਂ ਵੈਕਸੀਨ ਨਹੀਂ ਲਗਵਾ ਸਕਦਾ/ਦੀ ਕਿਉਂਕਿ ਮੇਰੇ ਕੋਲ ਅਪੌਇੰਟਮੈਂਟ ਤੇ ਜਾਣ ਦਾ ਕੋਈ ਜ਼ਰੀਆ ਨਹੀਂ ਹੈ। |  | ਆਵਾਜਾਈ ਮੁਫਤ ਹੈ। ਜੇ ਤੁਹਾਨੂੰ ਵੈਕਸੀਨ ਦੀ ਅਪੌਇੰਟਮੈਂਟ 'ਤੇ ਜਾਣ ਵਿਚ ਮਦਦ ਦੀ ਜ਼ਰੂਰਤ ਹੈ, ਤਾਂ 311 ਤੇ ਕਾਲ ਕਰੋ ਜਾਂ ਆਪਣੇ ਵਿਕਲਪਾਂ ਬਾਰੇ ਜਾਣਨ ਲਈ **halton.ca/COVIDvaccines** ਦੇਖੋ। |
| ਕੋਵਿਡ-19 ਕਲੀਨਿਕ ਵਿਚ ਕੋਈ ਗੁਪਤਤਾ ਨਹੀਂ ਹੈ। |  | ਕਲੀਨਿਕ ਉਨ੍ਹਾਂ ਲੋਕਾਂ ਲਈ ਬੰਦ ਖੇਤਰਾਂ ਦੀ ਪੇਸ਼ਕਸ਼ ਕਰਦੇ ਹਨ ਜੋ ਵੈਕਸੀਨਾਂ ਲਗਾਏ ਜਾਣ ਸਮੇਂ ਗੋਪਨੀਯਤਾ ਚਾਹੁੰਦੇ ਹਨ। ਜੇ ਤੁਸੀਂ ਵੈਕਸੀਨ ਲਗਵਾਉਂਦੇ ਸਮੇਂ ਗੋਪਨੀਯਤਾ ਚਾਹੁੰਦੇ ਹੋ, ਤਾਂ 311 ਤੇ ਕਾਲ ਕਰੋ। |